ਅੱਜ ਦੀ ਆਵਾਜ਼

ਭਾਈ ਮਰਦਾਨਾ ਜੀ, ਰਾਇ ਬੁਲਾਰ ਭੱਟੀ ਜੀ, ਭਾਈ ਬਾਲਾ ਸੰਬੰਧੀ ਸੈਮੀਨਾਰ ਸੰਪੰਨ

ਫਿਰੋਜ਼ਪੁਰ, 28 ਜਨਵਰੀ (ਕਾਲੜਾ)- ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ, ਰਾਇ ਬੁਲਾਰ ਭੱਟੀ, ਭਾਈ ਬਾਲਾ ਸੰਬੰਧੀ ਸੈਮੀਨਾਰ ਇੱਕ ਨਵੀਂ ਅਤੇ ਉਸਾਰੂ ਸੋਚ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰਦਾ ਹੋਇਆ ਸੰਪੰਨ ਹੋਇਆ। ਅਤਿ ਦੀ ਧੁੰਦ ਅਤੇ ਠੰਢ ਦੇ ਸਤਾਏ ਸਰੋਤੇ ਆਪਣੇ-ਆਪ ਨੂੰ ਗਰਮ ਕੱਪੜਿਆਂ ਵਿੱਚ ਜਕੜੇ ਹੋਏ ਸੈਮੀਨਾਰ ਵਿੱਚ ਵਿਦਵਾਨਾਂ ਦੇ ਵਿਚਾਰ ਸੁਣਨ ਲਈ ਪੁੱਜੇ। ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਦਸਮੇਸ਼ ਪਬਲਿਕ ਸਕੂਲ ਫਿਰੋਜ਼ਪੁਰ ਸ਼ਹਿਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਜੀ, ਭਾਈ ਬਾਲਾ ਜੀ, ਰਾਇ ਬੁਲਾਰ ਭਟੀ ਦੀ ਆਪਸੀ ਸਾਂਝ ਸੰਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਭਾਰੀ ਧੁੰਦ ਦੇ ਬਾਵਜੂਦ ਫਿਰੋਜ਼ਪੁਰ ਸ਼ਹਿਰ ਛਾਉਣੀ ਅਤੇ ਜ਼ਿਲ੍ਹਾ ਭਰ ਤੋਂ ਧਾਰਮਿਕ ਸੰਸਥਾਵਾਂ ਦੇ ਸਰੋਤੇ ਪੁੱਜੇ ਹੋਏ ਸਨ। ਸਟੇਜ ਸਕੱਤਰ ਦਾ ਕੰਮ ਸੁਸਾਇਟੀ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਵਿਰਕ ਨਿਭਾ ਰਹੇ ਸਨ। ਸੈਮੀਨਾਰ ਵਿੱਚ ਅੰਮ੍ਰਿਤਸਰ ਤੋਂ ਆਏ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸੂਬਾ ਸਿੰਘ ਨੇ ਬੋਲਦੇ ਹੋਏ ਆਖਿਆ ਕਿ ਭਾਈ ਮਰਦਾਨਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਭਾਈ ਆਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 30 ਬਾਣੀਕਾਰਾਂ ਵਿੱਚ ਭਾਈ ਮਰਦਾਨਾ ਜੀ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ।

ਭਾਈ ਫਤਿਹ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ 31 ਨੂੰ

ਨਿਹਾਲ ਸਿੰਘ ਵਾਲਾ, 28 ਜਨਵਰੀ (ਅ.ਬ.)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਦੇ ਸਾਬਕਾ ਡਰਾਇਵਰ ਭਾਈ ਫਤਿਹ ਸਿੰਘ ਰਾਉਕੇ ਪਿਛਲੇ ਦਿਨੀਂ 22 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਹ ਆਪਣੇ ਪਿੱਛੇ ਦੋ ਧੀਆਂ ਛੱਡ ਗਏ ਹਨ। ਉਨ੍ਹਾਂ ਦੀ ਪਤਨੀ ਕੁਝ ਸਮਾਂ ਪਹਿਲਾਂ ਚੱਲ ਵਸੀ ਸੀ। ਭਾਈ ਫਤਿਹ ਸਿੰਘ ਹੁਰੀਂ 6 ਭਰਾ ਹਨ। ਉਨ੍ਹਾਂ ਦੇ ਵੱਡੇ ਭਰਾ ਭਾਈ ਚੜ੍ਹਤ ਸਿੰਘ ਰਾਉਕੇ ਦੇ ਪੁੱਤਰ ਭਾਈ ਕੁਲਵੰਤ ਸਿੰਘ ਨੇ ਦੱਸਿਆ ਕਿ ਭਾਈ ਫਤਿਹ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਪਿੰਡ ਰਾਉਕੇ ਕਲਾਂ ਵਿਖੇ 31 ਜਨਵਰੀ 2010 ਦਿਨ ਐਤਵਾਰ ਨੂੰ ਦੁਪਹਿਰ 12.00 ਰੱਖੀ ਗਈ ਹੈ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਕੈਪਟਨ ਹਰਚਰਨ ਸਿੰਘ ਰੋਡੇ, ਭਾਈ ਗੁਰਦੀਪ ਸਿੰਘ ਬਠਿੰਡਾ, ਭਾਈ ਦਰਸ਼ਨ ਸਿੰਘ ਮੰਡ ਅਤੇ ਹੋਰ ਕਈ ਪੰਥਕ ਸਖ਼ਸ਼ੀਅਤਾਂ ਨੇ ਭਾਈ ਫਤਿਹ ਸਿੰਘ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਕੈਪਟਨ ਹਰਚਰਨ ਸਿੰਘ ਰੋਡੇ ਨੇ ਇੱਕ ਬਿਆਨ ਵਿੱਚ ਆਖਿਆ ਹੈ ਕਿ ਭਾਈ ਫਤਿਹ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਪੰਥ ਲਈ ਬਹੁਤ ਵੱਡੀ ਕੁਰਬਾਨੀ ਹੈ। ਉਨ੍ਹਾਂ ਮੁਤਾਬਿਕ ਭਾਈ ਫਤਿਹ ਸਿੰਘ ਆਪਣੇ ਫਰਜ਼ਾਂ ਪ੍ਰਤੀ ਹਮੇਸ਼ਾ ਪ੍ਰਤੀਬੱਧ ਰਹੇ। ਇਥੇ ਵਰਨਣਯੋਗ ਹੈ ਕਿ ਭਾਈ ਫਤਿਹ ਸਿੰਘ ਰਾਉਕੇ ਬੜਾ ਲੰਮਾ ਸਮਾਂ ਰੋਡੇ ਪਰਿਵਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲੇ।

ਸਿੱਖਾਂ ਦੇ ਹਿੱਤਾਂ ਦੀ ਗੱਲ ਕਰਨ ਵਾਲੀ ਫੈਡਰੇਸ਼ਨ ਅੱਜ-ਕੱਲ੍ਹ ਕਾਂਗਰਸ ਦੇ ਗੁਣ ਗਾਉਣ ਲੱਗੀ

ਰੋਸ ਅਕਾਲੀ ਸਰਕਾਰ ਵੱਲੋਂ ਉਚਿਤ ਅਹੁਦਾ ਨਾ ਮਿਲਣ ਦਾ

ਅਹਿਮਦਗੜ੍ਹ, 28 ਜਨਵਰੀ (ਸੁਖਜੀਤ ਖੇੜਾ, ਰੂਪੀ ਰਛੀਨ)-ਸਿੱਖ ਵਿਦਿਆਰਥੀਆਂ ਨੂੰ ਸਿੱਖ ਧਰਮ ਨਾਲ ਜੋੜਨ ਵਾਲੀਆਂ ਫੈਡਰੇਸ਼ਨਾਂ ਜਿਹੜੀਆਂ ਕਿ ਸਮੇਂ-ਸਮੇਂ 'ਤੇ ਵਿਦਿਆਰਥੀਆਂ ਦੇ ਜੀਵਨ ਨੂੰ ਸਿੱਖ ਧਰਮ ਨਾਲ ਜੋੜਨ ਦੇ ਉਪਰਾਲੇ ਤਹਿਤ ਬਣੀਆਂ ਸਨ, ਪਰ ਅੱਜ ਇਹ ਫੈਡਰੇਸ਼ਨਾਂ ਰਾਜਨੀਤੀ ਦੀ ਗੰਦਲੀ ਖੇਡ ਕਾਰਨ ਇੰਨੀਆਂ ਕੁ ਬਦਨਾਮ ਹੋ ਚੁੱਕੀਆਂ ਹਨ ਕਿ ਜੇਕਰ ਭਾਈਵਾਲ ਪਾਰਟੀ ਇਨ੍ਹਾਂ ਨੂੰ ਪ੍ਰਤੀਨਿਧਤਾ ਨਹੀਂ ਦਿੰਦੀ ਤਾਂ ਇਹ ਇੱਕ ਦਮ ਆਪਣੀ ਕੁਰਸੀ ਖਾਤਰ ਉਸ ਪਾਰਟੀ ਦਾ ਸਾਥ ਦੇਣ ਲਈ ਉਤਾਵਲੀਆਂ ਹੋ ਜਾਂਦੀਆਂ ਹਨ, ਜਿਸ ਪਾਰਟੀ ਨੇ ਸਿੱਖ ਧਰਮ ਦਾ ਹਮੇਸ਼ਾ ਨੁਕਸਾਨ ਕੀਤਾ, ਸਗੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਸਿੱਖਾਂ ਨੂੰ ਕੋਹ ਕੋਹ ਕੇ ਮਰਵਾਇਆ, ਤੁਸੀਂ ਸੋਚ ਸਕਦੇ ਹੋ ਕਿ ਪੰਜਾਬ ਵਿੱਚ ਇੱਕ ਅਜਿਹੀ ਫੈਡਰੇਸ਼ਨ ਹੈ, ਜਿਹੜੀ ਹਮੇਸ਼ਾ ਹੀ ਅਕਾਲੀ ਸਰਕਾਰ ਨੂੰ ਖੁਸ਼ ਕਰਨ ਲਈ ਅਤੇ ਆਪਣੀ ਕੁਰਸੀ ਅਤੇ ਚੌਧਰ ਨੂੰ ਬਚਾਉਣ ਲਈ ਹਮੇਸ਼ਾ ਕਾਂਗਰਸ ਦੇ ਖਿਲਾਫ ਮੋਰਚੇ ਲਗਾਉਂਦੀ ਰਹੀ ਹੈ, ਪਰ ਅੱਜ ਅਕਾਲੀ ਸਰਕਾਰ ਵੱਲੋਂ ਇਸ ਫੈਡਰੇਸ਼ਨ ਦੇ ਪ੍ਰਧਾਨ ਨੂੰ ਕੋਈ ਵੀ ਉਚਿਤ ਅਹੁਦਾ ਨਾ ਦੇਣ ਕਾਰਨ ਅੱਜ ਕੱਲ੍ਹ ਇਸ ਫੈਡਰੇਸ਼ਨ ਦੇ ਪ੍ਰਧਾਨ ਸਮੇਤ ਕੁਝ ਆਗੂ ਕੈਪਟਨ ਅਮਰਿੰਦਰ ਸਿੰਘ ਦੇ ਗੁਣ ਗਾ ਰਹੇ ਹਨ ਅਤੇ ਅੰਦਰੋਂ ਗਤੀ ਕਾਂਗਰਸ ਦੇ ਉੱਚ ਆਗੂਆਂ ਤੱਕ ਪਹੁੰਚ ਕਰ ਰਹੇ ਹਨ।

ਇਹ ਫੈਡਰੇਸ਼ਨ ਜਿਹੜੀ ਕਿ ਸਿੱਖ ਕੌਮ ਲਈ ਜਾਨਾਂ ਵਾਰਨ ਵਰਗੇ ਯੋਧੇ ਤਿਆਰ ਕਰਨ ਅਤੇ ਸਮੇਂ-ਸਮੇਂ ਤੇ ਸਿੱਖ ਨੌਜਵਾਨਾਂ ਨੂੰ ਉਸ ਕਾਂਗਰਸ ਸਰਕਾਰ ਦੇ ਖਿਲਾਫ ਭੜਕਾਉਣ ਵਾਲੀ ਜਥੇਬੰਦੀ ਹੈ, ਜਿਸ ਦੇ ਪ੍ਰਧਾਨ ਪਹਿਲਾਂ ਕਿਸੇ ਹੋਰ ਟਕਸਾਲੀ ਫੈਡਰੇਸ਼ਨ ਦੇ ਪ੍ਰਧਾਨ ਸਰਬਸੰਮਤੀ ਨਾਲ ਬਣਾਏ ਸਨ, ਪਰ ਸਮੇਂ ਦੇ ਬਦਲਾਅ ਕਾਰਨ ਜਦੋਂ ਆਪਣੀ ਕੁਰਸੀ ਖੁਸਦੀ ਦਿਸੀ ਤਾਂ ਆਪਣੇ ਨਾਂ ਹੇਠ ਹੋ ਜਥੇਬੰਦੀ ਬਣਾ ਕੇ ਆਪਣੀ ਪ੍ਰਧਾਨਗੀ ਕਾਇਮ ਕਰਨ ਲਈ ਆਪਣਾ ਧੜਾ ਵੱਖਰਾ ਕਾਇਮ ਕੀਤਾ। ਜਿਸਦੇ ਪ੍ਰਧਾਨ ਆਪ ਕੋਈ ਵੀ ਵਿਦਿਆਰਥੀ ਨਹੀਂ ਹਨ, ਜਦੋਂ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮਤਲਬ ਹੈ ਕਿ ਸਿੱਖ ਵਿਦਿਆਰਥੀਆਂ ਵੀ ਸੰਸਥਾ। ਕੀ ਇਹ ਸੰਸਥਾ ਸਿਰਫ ਰਾਜਨੀਤਕ ਸੰਸਥਾ ਨਹੀਂ ਬਣ ਗਈ? ਜੇਕਰ ਭਾਈਵਾਲ ਪਾਰਟੀ ਨੇ ਕੋਈ ਲਾਭ ਪ੍ਰਾਪਤ ਕਰਨ ਵਾਲਾ ਅਹੁਦਾ ਦੇ ਦਿੱਤਾ ਤਾਂ ਠੀਕ ਹੈ, ਵਰਨਾ ਆਪਣੀ ਦੁਸ਼ਮਣ ਪਾਰਟੀ ਵੱਲ ਜਾਣ ਦੀ ਤਿਆਰੀ ਕਰ ਲਈ। ਪ੍ਰਧਾਨ ਸਾਹਿਬ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਿਹੜੀ ਜਥੇਬੰਦੀ ਕੌਮ ਨੂੰ ਸਮਰਪਿਤ ਹੁੰਦੀ ਹੈ। ਉਹ ਜਥੇਬੰਦੀ ਹੀ ਪੰਥਕ ਕਹਾਉਂਦੀ ਹੈ, ਪਰ ਜਿਹੜੀ ਆਪਣੇ ਸਿਆਸੀ ਹਿੱਤਾਂ ਲਈ ਵਿਕ ਜਾਵੇ, ਉਹ ਖਤਮ ਹੋ ਜਾਂਦੀ ਹੈ, ਅੱਜ ਲੋੜ ਹੈ, ਪੰਥ ਨੂੰ ਅਜਿਹੀਆਂ ਜਥੇਬੰਦੀਆਂ ਤੋਂ ਸੁਚੇਤ ਰਹਿਣ ਦੀ।

ਮੰਤਰੀ ਸੂਦ ਵੱਲੋਂ ਡੀ.ਸੀ. ਦਾ ਸਨਮਾਨ

ਹੁਸ਼ਿਆਰਪੁਰ, 28 ਜਨਵਰੀ (ਕੁਲਦੀਪ ਸਿੰਘ ਪੱਟੀ)-ਡਾ. ਮਨਮੋਹਨ ਸਿੰਘ ਸਿੱਖ ਪ੍ਰਧਾਨ ਮੰਤਰੀ ਵੱਲੋਂ ਭਾਰਤ ਨਿਰਮਾਣ ਸਕੀਮ ਤਹਿਤ ਚਲਾਈ ਨਰੇਗਾ ਯੋਜਨਾ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਸ੍ਰੀ ਮੇਘਰਾਜ ਵੱਲੋਂ ਪਹਿਲੇ ਨੰਬਰ 'ਤੇ ਲਿਆਉਣ ਦੇ ਉਤਸ਼ਾਹੀ ਕਦਮਾਂ ਸਦਕਾ 26 ਜਨਵਰੀ ਗਣਤੰਤਰ ਦਿਵਸ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਤੀਕਸ਼ਣ ਸੂਦ ਨੂੰ ਸਨਮਾਨਿਤ ਕੀਤਾ। ਕੈਪਟਨ ਕਰਨੈਲ ਸਿੰਘ ਸੈਣੀ ਐੱਸ.ਡੀ.ਐੱਮ. ਹੁਸ਼ਿਆਰਪੁਰ ਨੇ ਇਸ ਮੌਕੇ ਸਟੇਜ 'ਤੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਰੇਗਾ ਸਕੀਮ ਸਮੂਹ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਲ ਕੇ ਲੋੜਵੰਦ ਗਰੀਬ ਲੋਕਾਂ ਤੱਕ ਪਹੁੰਚਾ ਕੇ ਲੋੜਵੰਦਾਂ ਨੂੰ ਰੋਜ਼ਗਾਰ ਦਿਵਾ ਕੇ ਜ਼ਿਲ੍ਹੇ ਦੇ ਵਿਕਾਸ ਕੰਮ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਐੱਸ.ਡੀ.ਐੱਮ. ਅਨੁਸਾਰ ਡੀ.ਸੀ. ਹੁਸ਼ਿਆਰਪੁਰ 31 ਜੁਲਾਈ 2010 ਨੂੰ ਸੇਵਾ ਮੁਕਤ ਹੋ ਰਹੇ ਹਨ ਤੇ ਇਹ ਉਨ੍ਹਾਂ ਦਾ ਆਖਰੀ ਸਰਕਾਰੀ ਗਣਤੰਤਰ ਅਹੁਦਾ ਸਮਾਰੋਹ ਹੈ। ਇਸ ਕਰਕੇ ਜ਼ਿਲ੍ਹੇ ਦੇ ਸਾਰੇ ਅਫਸਰ ਡੀ.ਸੀ. ਸਾਹਿਬ ਦਾ ਸਨਮਾਨ ਕੈਬਨਿਟ ਮੰਤਰੀ ਹੱਥੋਂ ਕਰਵਾ ਕੇ ਖੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਹਨ। ਸਨਮਾਨ ਮੌਕੇ ਐੱਸ.ਐੱਸ.ਪੀ. ਪ੍ਰਮੋਦ ਬਾਠ ਤੇ ਏ.ਡੀ.ਸੀ. ਸ੍ਰ. ਰਮਿੰਦਰ ਸਿੰਘ ਵੀ ਹਾਜ਼ਰ ਸਨ।

ਇੰਟਰਨੈੱਟ 'ਤੇ ਵਿਕਦੀ ਚੰਦਰਮਾ 'ਤੇ ਜ਼ਮੀਨ ਤੋਂ ਲੋਕ ਬਣਨ ਲੱਗੇ ਬੇਵਕੂਫ

ਜਲੰਧਰ, 28 ਜਨਵਰੀ (ਮਨਜੀਤ ਸਿੰਘ)-ਲੋਕਾਂ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਬੇਵਕੂਫ ਬਣਾਉਣ ਦੀ ਇੱਕ ਸਾਈਟ ਨੇ ਬਜ਼ਾਰ ਵਿੱਚ ਭੜੱਥੂ ਪਾਇਆ ਹੋਇਆ ਹੈ। ਜੋ ਚੰਦਰਮਾ 'ਤੇ ਜ਼ਮੀਨ ਵੇਚਣ ਦਾ ਦਾਅਵਾ ਕਰ ਰਹੀ ਹੈ। ਆਪਣੀ ਸੱਚਾਈ ਨੂੰ ਖਰਾ ਸਿੱਧ ਕਰਨ ਲਈ ਖਰੀਦਾਰ ਨੂੰ ਸਰਟੀਫਿਕੇਟ ਵੀ ਦਿੱਤਾ ਜਾ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਦੀ ਬਿਨਾਂ ਜਾਂਚ ਕੀਤਿਆਂ ਖਰੀਦਦਾਰ ਧੜਾਧੜ ਚੰਦਰਮਾ 'ਤੇ ਜ਼ਮੀਨ ਖਰੀਦਣ ਲਈ ਉਤਾਵਲੇ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਉਦੋਂ ਸਾਹਮਣੇ ਆਈ, ਜਦੋਂ ਰਾਹੋਂ ਤੋਂ ਇੱਕ ਖਰੀਦਦਾਰ ਨੇ ਚੰਦਰਮਾ 'ਤੇ ਜ਼ਮੀਨ ਖਰੀਦਣ ਦੇ ਬਦਲੇ ਉਸ ਕੰਪਨੀ ਵੱਲੋਂ ਦਿੱਤੇ ਗਏ ਸਰਟੀਫਿਕੇਟ ਨੂੰ ਦਿਖਾ ਕੇ ਅਖਬਾਰਾਂ ਦੇ ਦੁਆਰਾ ਆਪਣੀ ਟੌਹਰ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਸ ਨੂੰ ਬਹੁਤ ਹੀ ਸਸਤੇ ਭਾਅ 'ਤੇ ਖਰੀਦਣ ਦਾ ਦਾਅਵਾ ਕੀਤਾ ਗਿਆ। ਪਰ ਚੰਦਰਮਾ 'ਤੇ ਜਾਣ ਵਾਲੇ ਪੁਲਾੜ ਯਾਤਰੀਆਂ ਤੇ ਕਰੋੜਾਂ ਰੁਪਏ ਖਰਚ ਕਰਕੇ ਕੇਵਲ ਕੁਝ ਪ੍ਰਯੋਗ ਕੀਤੇ ਜਾਣ ਨਾਲ ਹੀ ਸਰਵ ਉਚਤਾ ਸਿੱਧ ਕੀਤੀ ਜਾਂਦੀ ਹੈ ਤੇ ਜਿਸ ਗ੍ਰਹਿ 'ਤੇ ਜੀਵਨ ਨਾਮ ਦੀ ਕੋਈ ਚੀਜ਼ ਨਹੀਂ, ਉੱਥੇ ਸਸਤੇ ਭਾਅ 'ਤੇ ਜ਼ਮੀਨ ਖਰੀਦਣ ਦਾ ਦਾਅਵਾ ਕਰਨਾ ਕਿੱਥੋਂ ਤੱਕ ਜਾਇਜ਼ ਹੈ। ਸ਼ਾਇਦ ਅਜਿਹੇ ਵਿਅਕਤੀਆਂ ਨੂੰ ਹੀ ਬੇਵਕੂਫ ਬਣਾ ਕੇ ਕੁਝ ਸਮੇਂ ਤੋਂ ਬਾਅਦ ਇਹੋ ਜਿਹੀਆਂ ਜਾਲੀ ਕੰਪਨੀਆਂ ਆਪਣਾ ਬੋਰੀਆ ਬਿਸਤਰਾ ਸਮੇਟ ਕੇ ਪੱਤਰਾਵਾਚ ਜਾਂਦੀਆਂ ਹਨ ਤੇ ਆਪਣੀ ਫੋਕੀ ਟੌਹਰ ਬਣਾਉਣ ਵਾਲੇ ਲੋਕ ਦੇਖਦੇ ਹੀ ਰਹਿ ਜਾਂਦੇ ਹਨ। ਕੁਝ ਸਮਾਂ ਪਹਿਲਾ ਇੰਟਰਨੈੱਟ 'ਤੇ ਲੋਕਾਂ ਨੂੰ ਵੱਖ-ਵੱਖ ਸਾਈਟਾਂ ਦੁਆਰਾ ਕਰੋੜਾਂ ਰੁਪਏ ਇਨਾਮ ਦੇ ਜੇਤੂ ਬਣਾ ਕੇ ਲੱਖਾਂ ਰੁਪਏ ਬਟੋਰ ਕੇ ਪੱਤਰਾਵਾਚ ਗਏ ਤੇ ਹੁਣ ਅਜਿਹੀ ਸਾਈਟ ਦੁਆਰਾ ਲੋਕਾਂ ਨੂੰ ਲੁੱਟਣ ਦੀ ਸ਼ੁਰੂਆਤ ਕਰ ਦਿੱਤੀ ਹੈ ਤੇ ਬੇਵਕੂਫ ਲੋਕ ਉਨ੍ਹਾਂ ਦੇ ਚੁੰਗਲ ਵਿੱਚ ਫਸਣ ਨੂੰ ਤਿਆਰ ਹਨ। ਅਕਲ ਉਦੋਂ ਆਏਗੀ ਜਦੋਂ ਸਭ ਕੁਝ ਗੁਆ ਬੈਠਣਗੇ।

ਗਊਆਂ ਦਾ ਭਰਿਆ ਟਰੱਕ ਪਲਟਿਆ

ਚੀਮਾ ਮੰਡੀ, 28 ਜਨਵਰੀ (ਮਹਿੰਦਰ ਪਾਲ ਵਾਤਿਸ਼)-ਬੀਤੀ ਰਾਤ ਸਥਾਨਕ ਮੇਨ ਚੌਕ ਤੋਂ ਥੋੜ੍ਹੀ ਦੂਰੀ ਤੇ ਪੁਲਿਸ ਚੌਂਕੀ ਦੇ ਬਿਲਕੁਲ ਸਾਹਮਣੇ ਇੱਕ ਗਊਆਂ ਦੇ ਭਰੇ ਟਰੱਕ ਦੇ ਪਲਟਣ ਦਾ ਸਮਾਚਾਰ ਪ੍ਰਾਪਤ ਹੋਇਆ। ਮੌਕੇ 'ਤੇ ਪਹੁੰਚੇ ਹੋਏ ਗਊ ਰਕਸ਼ਾ ਦਲ ਦੇ ਵਰਕਰਾਂ ਤੇ ਹਿੰਦੂ ਵੈੱਲਫੇਅਰ ਬੋਰਡ ਦੇ ਸੂਬਾ ਚੇਅਰਮੈਨ ਸ੍ਰੀ ਰਵੀ ਕਾਂਤ, ਸੰਜੀਵ ਕੁਮਾਰ ਜ਼ਿਲ੍ਹਾ ਪ੍ਰਧਾਨ ਗਊ ਰਕਸ਼ਾ ਦਲ, ਗੁਰਪ੍ਰੀਤ ਸਿੰਘ, ਨਰੇਸ਼ ਪੰਡਿਤ, ਗੁਲਜ਼ਾਰ ਸਿੰਘ ਸੰਜੂ ਆਦਿ ਨੇ ਦੱਸਿਆ ਕਿ ਇਸ ਗਊਆਂ ਦੇ ਭਰ ਕੇ ਜਾ ਰਹੇ ਟਰੱਕ ਸੰਬੰਧੀ ਉਨ੍ਹਾਂ ਨੂੰ ਸੂਚਨਾ ਪ੍ਰਾਪਤ ਹੋਈ ਸੀ, ਜਿਸ ਦਾ ਪਿੱਛਾ ਉਸ ਦੀ ਟੀਮ ਦੇ ਵਰਕਰਾਂ ਨੇ ਬਹੁਤ ਹੀ ਜਦੋ-ਜਹਿਦ ਨਾਲ ਕੀਤਾ ਤੇ ਇਹ ਟਰੱਕ ਇੱਥੇ ਆ ਕੇ ਪਲਟ ਗਿਆ ਤੇ ਇਸ ਦਾ ਚਾਲਕ ਭੱਜਣ ਵਿੱਚ ਕਾਮਯਾਬ ਹੋ ਗਿਆ। ਗੁਰਦੁਆਰਾ ਜਨਮ ਅਸਥਾਨ ਤੋਂ ਸੂਚਨਾ ਰਾਹੀਂ ਪਹੁੰਚੇ ਵੱਡੀ ਗਿਣਤੀ ਲੋਕਾਂ ਨੇ ਪਲਟੇ ਟਰੱਕ 'ਚੋਂ ਗਊਆਂ ਨੂੰ ਕੱਢੀਆਂ ਤੇ ਜ਼ਖਮੀ ਗਊਆਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕੀਤੀ। ਇਸ ਮਾਮਲੇ ਵਿੱਚ ਪੁਲਿਸ ਨੇ ਹਿੰਦੂ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਰਵੀ ਕਾਂਤ ਦੀ ਸ਼ਿਕਾਇਤ ਤੇ ਟਰੱਕ ਦੇ ਨਾਂ ਮਾਲੂਮ ਚਾਲਕ ਵਿਰੁੱਧ ਧਾਰਾ 4 ਏ, 4 ਬੀ-8 ਪੀ.ਪੀ. ਸੀ. ਐਕਟ ਅਤੇ 11 ਪਸ਼ੂ ਕਰੂਰਤਾਂ ਐਕਟ ਅਧੀਨ ਪਰਚਾ ਦਰਜ ਕਰ ਲਿਆ ਹੈ। ਇੱਕ ਵੱਖਰੇ ਬਿਆਨ ਰਾਹੀਂ ਹਿੰਦੂ ਵੈੱਲਫੇਅਰ ਬੋਰਡ ਦੇ ਚੇਅਰਮੈਨ ਸ੍ਰੀ ਰਵੀਕਾਂਤ ਨੇ ਸਰਕਾਰ ਤੇ ਪ੍ਰਸ਼ਾਸਨ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਦੇ ਢਿੱਲੇ ਰਵੱਈਏ ਕਾਰਨ ਹੀ ਕੇਵਲ ਗਊ ਧਨ ਨੂੰ ਹੀ ਨਹੀਂ ਬਲਕਿ ਸਾਰੇ ਪਸ਼ੂ ਧਨ ਨੂੰ ਨਜਾਇਜ਼ ਤਰੀਕੇ ਨਾਲ ਪੰਜਾਬ ਤੋਂ ਬਾਹਰ ਲਿਜਾਈਆਂ ਜਾ ਰਹੀਆਂ ਹੈ, ਜਿਸ ਨੂੰ ਸਾਡੀ ਸੰਸਥਾ ਦੇ ਵਰਕਰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਤੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਗਊ ਮਾਤਾ ਦੀ ਰਾਖੀ ਲਈ ਦਿਨ-ਰਾਤ ਇੱਕ ਕਰਦੇ ਰਹਿਣਗੇ।

ਗਣਤੰਤਰ ਦਿਵਸ ਮਨਾਇਆ

ਪਠਾਨਕੋਟ, 28 ਜਨਵਰੀ (ਜਥੇਦਾਰ)-ਪਠਾਨਕੋਟ ਸ਼ਹਿਰ ਵਿਖੇ ਐੱਸ.ਡੀ. ਸਕੂਲ ਦੀ ਗਰਾਊਂਡ ਵਿੱਚ 26 ਜਨਵਰੀ ਦਾ ਦਿਨ ਗਣਤੰਤਰ ਦਿਵਸ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਪੰਜਾਬ ਸਰਕਾਰ ਦੇ ਸਥਾਨਕ ਸਰਕਾਰ ਸੰਸਦੀ ਸਕੱਤਰ ਹਰੀਸ਼ ਰਾਏ ਢਾਂਡਾ ਨੇ ਅਦਾ ਕੀਤੀ। ਇਸ ਮੌਕੇ ਉਨ੍ਹਾਂ ਦੇਸ਼ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਪ੍ਰੇਰਨਾ ਵੀ ਦਿੱਤੀ। ਸਮਾਗਮ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ ਦੇ ਐੱਨ.ਸੀ.ਸੀ. ਕੈਡਿਟਾਂ ਨੇ ਪਰੇਡ ਵਿੱਚ ਹਿੱਸਾ ਲੈ ਕੇ ਖੂਬ ਸਮਾਂ ਬੰਨ੍ਹਿਆ।

ਤਲਵੰਡੀ ਸਾਬੋ ਤੋਂ ਭਗਵਾਨਪੁਰੇ ਤੱਕ ਕੱਢਿਆ ਦਲਿਤ ਅਧਿਕਾਰ ਮਾਰਚ

ਤਲਵੰਡੀ ਸਾਬੋ, 28 ਜਨਵਰੀ (ਰਣਜੀਤ ਸਿੰਘ ਰਾਜੂ)-ਬੀਤੇ ਦਿਨੀਂ ਨੇੜਲੇ ਪਿੰਡ ਭਗਵਾਨਪੁਰਾ ਵਿਖੇ ਜ਼ਿਮੀਦਾਰਾਂ ਵੱਲੋਂ ਦਲਿਤਾਂ ਦੇ ਘਰਾਂ ਨੂੰ ਢਾਹੁਣ ਅਤੇ ਅੱਗ ਲਾਉਣ ਦਾ ਮਾਮਲਾ ਅਜੇ ਤੱਕ ਵੀ ਠੰਢਾ ਪੈਂਦਾ ਦਿਖਾਈ ਨਹੀਂ ਦੇ ਰਿਹਾ। ਭਾਵੇਂ ਕਿ ਪ੍ਰਸ਼ਾਸਨ ਨੇ ਉਜਾੜੇ ਦਲਿਤਾਂ ਨੂੰ ਟੈਂਟ, ਰਾਸ਼ਨ ਆਦਿ ਤੋਂ ਇਲਾਵਾ ਹੋਰ ਵੀ ਸਹੂਲਤਾਂ ਦੇਣ ਤੋਂ ਇਲਾਵਾ ਦੋਸ਼ੀਆਂ ਨੂੰ ਫੜਨ ਲਈ ਦਿਨ-ਰਾਤ ਇੱਕ ਕਰ ਦਿੱਤਾ ਹੈ, ਪ੍ਰੰਤੂ ਦਲਿਤਾਂ ਦੇ ਹੱਕਾਂ ਲਈ ਲੜ ਰਹੀਆਂ ਜਥੇਬੰਦੀਆਂ ਅਜੇ ਤੱਕ ਪ੍ਰਸ਼ਾਸਨ ਦੇ ਕੰਮਕਾਜ ਤੋਂ ਸੰਤੁਸ਼ਟ ਨਹੀਂ। ਇਸੇ ਸੰਦਰਭ ਵਿੱਚ ਅੱਜ 'ਮਜ਼ਦੂਰ ਮੁਕਤੀ ਮੋਰਚਾ ਨੇ ਤਲਵੰਡੀ ਸਾਬੋ ਦੇ ਗੁਰਦੁਆਰਾ ਨਾਨਕਸਰ ਤੋਂ ਪਿੰਡ ਭਗਵਾਨਪੁਰਾ ਤੱਕ ਇੱਕ ਦਲਿਤ ਅਧਿਕਾਰ ਮਾਰਚ ਕੱਢਿਆ। ਪਿੰਡ ਭਗਵਾਨਪੁਰਾ ਪੁੱਜਣ ਤੇ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਭਗਵੰਤ ਸਿੰਘ ਸਮਾਉਂ ਨੇ ਕਿਹਾ ਕਿ ਦੇਸ਼ ਦੇ ਹਾਕਮ ਗਣਤੰਤਰ ਦਿਵਸ ਦੀ 60ਵੀਂ ਵਰ੍ਹੇਗੰਢ ਮਨਾ ਰਹੇ ਹਨ, ਜਦੋਂ ਕਿ ਸਦੀਆਂ ਤੋਂ ਸਾਧਨ ਹੀਣ ਰੱਖੇ ਦੱਬੇ-ਕੁਚਲੇ ਦਲਿਤ ਦੇਸ਼ ਦੀ ਅਜ਼ਾਦੀ ਦੇ 63ਵਰ੍ਹੇ ਬਾਅਦ ਵੀ ਉੱਚ ਜਾਤੀ ਦੇ ਪੇਂਡੂ ਧਨਾਢਾਂ ਦੇ ਜਾਤੀ ਵਿਤਕਰੇ ਦਾ ਸ਼ਿਕਾਰ ਹਨ। ਉਨ੍ਹਾਂ ਕਿਹਾ ਕਿ 20 ਜਨਵਰੀ ਦੀ ਰਾਤ ਨੂੰ ਭਗਵਾਨਪੁਰੇ ਵਿਖੇ ਦਲਿਤਾਂ ਦੇ ਘਰ ਢਾਹੁਣ ਸਮੇਂ ਪੇਂਡੂ ਧਨਾਢਾਂ ਦੇ ਨਾਲ ਹੂਟਰ ਵਾਲੀਆਂ ਗੱਡੀਆਂ ਦਾ ਹੋਣਾ ਸਾਬਿਤ ਕਰਦਾ ਹੈ ਕਿ ਇਸ ਪੂਰੇ ਘਟਨਾਕ੍ਰਮ ਵਿੱਚ ਕੁਝ ਸੱਤਾਧਾਰੀ ਅਕਾਲੀ ਆਗੂਆਂ ਦਾ ਹੱਥ ਹੈ।

ਕਾਮਰੇਡ ਸਮਾਉਂ ਨੇ ਕਿਹਾ ਕਿ, "ਪਿੰਡਾਂ ਦੇ ਦਲਿਤਾਂ ਉੱਪਰ ਅਜਿਹੇ ਅੱਤਿਆਚਾਰ ਨੂੰ ਬਰਦਾਸ਼ਤ ਨਹੀਂ ਕਰਾਂਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਮਾਉਂ ਨੇ ਮੰਗ ਕੀਤੀ ਕਿ ਪੁਲਿਸ ਭਗਵਾਨਪੁਰਾ ਕਾਂਡ ਦੇ ਮੁੱਖ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰੇ ਅਤੇ ਉਜਾੜੇ ਦਲਿਤ ਮਜ਼ਦੂਰਾਂ ਲਈ ਵਿਸ਼ੇਸ਼ ਰਾਹਤ ਪੈਕੇਜ ਐਲਾਨੇ ਨਹੀਂ ਤਾਂ ਸੰਘਰਸ਼ ਹੋਰ ਵੀ ਤੇਜ਼ ਕੀਤਾ ਜਾਵੇਗਾ। ਇਸ ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਪ੍ਰਗਟ ਬੀਰ, ਦਿਹਾਤੀ ਮਜ਼ਦੂਰ ਸਭਾ ਦੇ ਮਿੱਠੂ ਸਿੰਘ ਘੁੱਦਾ, ਮੁਕਤੀ ਮੋਰਚਾ ਦੇ ਮਾਨਸਾ ਜ਼ਿਲ੍ਹੇ ਦੇ ਪ੍ਰਧਾਨ ਸੁਖਵਿੰਦਰ ਹੀਰੇਵਾਲਾ, ਸੱਤਪਾਲ ਬਹਿਣੀਵਾਲ, ਮਨਜੀਤ ਸਿੰਘ ਨੰਦਗੜ੍ਹ ਅਤੇ ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਦੇ ਬੀਰਬਲ ਸਰਾਂ ਸੀਗੋਂ ਆਦਿ ਨੇ ਵੀ ਸ਼ਿਰਕਤ ਕੀਤੀ।

ਫੈਡਰੇਸ਼ਨ ਮਹਿਤਾ ਵੱਲੋਂ ਅਖੌਤੀ ਬਾਬੇ ਦਾ ਪਰਦਾਫਾਸ਼

ਫਿਰੋਜ਼ਪੁਰ, 28 ਜਨਵਰੀ (ਜੀ.ਐੱਸ. ਕਾਲੜਾ)-ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੀ ਗੈਬੀ ਸ਼ਕਤੀਆਂ ਰਾਹੀਂ ਲੋਕਾਂ ਦਾ ਇਲਾਜ ਕਰਕੇ ਮੋਟੀਆਂ ਰਕਮਾਂ ਵਸੂਲਣ ਵਾਲੇ ਪਾਖੰਡੀ ਬਾਬਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਸਿੱਖ ਕੌਮ ਦੀ ਜੁਝਾਰੂ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਅੱਜ ਇੱਥੋਂ ਥੋੜ੍ਹੀ ਦੂਰ ਪੈਂਦੇ ਪਿੰਡ ਮੇਘਾ ਹਿਫਾੜ ਵਿਖੇ ਇੱਕ ਅਜਿਹੇ ਅਖੌਤੀ ਬਾਬੇ ਦੀਆਂ ਗੈਬੀ ਸ਼ਕਤੀਆਂ ਦਾ ਪਰਦਾਫਾਸ਼ ਕੀਤਾ, ਜਿਸ ਨੇ ਪਿਛਲੇ ਦਿਨੀਂ ਇੱਕ ਨੌਜਵਾਨ ਲੜਕੇ ਦੇ ਇਲਾਜ ਕਰਨ ਲਈ ਇੱਕ ਗਰੀਬ ਪਰਿਵਾਰ ਤੋਂ ਮੋਟੀਆਂ ਰਕਮਾਂ ਵੀ ਵਸੂਲੀਆਂ, ਪਰ ਲੜਕਾ ਠੀਕ ਹੋਣ ਦੀ ਬਜਾਏ ਮੌਤ ਦੇ ਮੂੰਹ ਵਿੱਚ ਚਲਾ ਗਿਆ। ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਭਗਵਾਨ ਸਿੰਘ ਦੀ ਅਗਵਾਈ 'ਚ ਜਦੋਂ ਫੈਡਰੇਸ਼ਨ ਦੇ ਕੋਈ ਦੋ ਦਰਜਨ ਤੋਂ ਵੱਧ ਵਰਕਰਾਂ ਨੇ ਉਕਤ ਬਾਬੇ ਖਾੜ ਦੇ ਘਰ ਅਚਨਚੇਤ ਨਿਰੀਖਣ ਕੀਤਾ ਤਾਂ ਉੱਥੇ ਮੌਕੇ 'ਤੇ ਮੌਜੂਦ ਕੋਈ ਇੱਕ ਦਰਜਨ ਦੇ ਕਰੀਬ ਲੋਕਾਂ ਨੂੰ ਉਕਤ ਬਾਬੇ ਦਾ ਚੇਲਾ ਲਾਗੇ ਤਵੀਤ ਦੇ ਰਿਹਾ ਸੀ ਅਤੇ ਉਸ ਦੇ ਬਦਲੇ ਨਗਦ ਰੂਪ ਵਿੱਚ ਪੈਸਿਆਂ ਦਾ ਮੱਥਾ ਟਿਕਾਅ ਰਿਹਾ ਸੀ, ਜਿਸ ਨੂੰ ਫੈਡਰੇਸ਼ਨ ਵਰਕਰਾਂ ਨੇ ਉਹ ਸਾਰੇ ਧਾਗੇ ਤਵੀਤ ਆਪਣੇ ਕਬਜ਼ੇ ਵਿੱਚ ਲੈ ਲਏ ਅਤੇ ਜਦੋਂ ਉਕਤ ਚੇਲੇ ਨੂੰ ਗੈਬੀ ਸ਼ਕਤੀਆਂ ਬਾਰੇ ਸਪੱਸ਼ਟ ਕਰਨ ਲਈ ਕਿਹਾ ਤਾਂ ਪਹਿਲਾਂ ਉਕਤ ਬਾਬੇ ਦੀ ਪਤਨੀ ਅਤੇ ਚੇਲੇ ਨੇ ਗੈਬੀ ਸ਼ਕਤੀਆਂ ਦੀ ਗੱਲ ਸਵੀਕਾਰ ਕੀਤੀ। ਪਰ ਬਾਅਦ ਵਿੱਚ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਉਸ ਨੇ ਕਿਸੇ ਵੀ ਤਰ੍ਹਾਂ ਦੀ ਸ਼ਕਤੀ ਤੋਂ ਇਨਕਾਰ ਕਰਕੇ ਆਪਣੀਆਂ ਪਿਛਲੀਆਂ ਗਲਤੀਆਂ ਦੀ ਮੁਆਫੀ ਮੰਗ ਕੇ ਅੱਗੇ ਤੋਂ ਇਹ ਸਾਰਾ ਪਾਖੰਡਵਾਦ ਖਤਮ ਕਰਨ ਦਾ ਪ੍ਰਣ ਕੀਤਾ, ਜਿਸ ਤੋਂ ਫੈਡਰੇਸ਼ਨ ਵਰਕਰਾਂ ਨੇ ਉਨ੍ਹਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ। ਇਸ ਸਮੇਂ ਉਕਤ ਟੀਮ ਵਿੱਚ ਸ਼ਿੰਗਾਰਾ ਸਿੰਘ ਬੱਬਰ, ਸੁੱਚਾ ਸਿੰਘ ਸਿੱਧੂ, ਜਰਨੈਲ ਸਿੰਘ ਗਾਬੜੀਆ ਅਮਰ ਸਿੰਘ, ਹਰਜਿੰਦਰ ਸਿੰਘ ਬੱਗਾ, ਗੁਰਨਾਥ ਸਿੰਘ, ਜੁਗਰਾਜ ਸਿੰਘ, ਗੁਰਬਖਸ਼ ਸਿੰਘ, ਗੁਰਨਾਮ ਸਿੰਘ, ਮਿਹਰ ਸਿੰਘ ਕਲਸੀ, ਦਰਸ਼ਨ ਸਿੰਘ ਮੋਹਨ ਕੇ, ਗੁਰਮੀਤ ਸਿੰਘ ਹੈਪੀ, ਰਣਜੋਧ ਸਿੰਘ ਸੰਧੂ, ਬਗੀਚਾ ਸਿੰਘ ਗਿੱਲ, ਦਿਲਬਾਗ ਸਿੰਘ ਸਰਪੰਚ, ਕਸ਼ਮੀਰ ਸਿੰਘ, ਬੋਹੜ ਸਿੰਘ ਖਾਲਸਾ, ਅਮਰੀਕ ਸਿੰਘ ਸੰਧੂ, ਮਹਿੰਦਰ ਸਿੰਘ ਸੰਧੂ ਅਤੇ ਮਲਕੀਤ ਸਿੰਘ ਆਦਿ ਵੀ ਹਾਜ਼ਰ ਸਨ।

ਮਹਾਸ਼ਿਵਰਾਤਰੀ ਮੌਕੇ ਕੀਤੇ ਜਾਣਗੇ ਗਿਆਰਾਂ ਗਰੀਬ ਕੁੜੀਆਂ ਦੇ ਵਿਆਹ-ਮਹੰਤ ਮੋਹਨ ਗਿਰੀ

ਨੂਰਪੁਰ ਬੇਦੀ, 28 ਜਨਵਰੀ (ਪਰਮਜੀਤ ਅਬਿਆਣਾ)-ਇਲਾਕੇ ਦੇ ਮਸ਼ਹੂਰ ਸ਼ਿਵ ਮੰਦਰ ਸਰਥਲੀ ਦੇ ਪ੍ਰਬੰਧਕ ਤੇ ਰਾਸ਼ਟਰੀ ਸੰਤ ਮਹੰਤ ਮੋਹਣ ਗਿਰੀ ਜੀ ਵੱਲੋਂ 24ਵੇਂ ਮਹਾਸ਼ਿਵਰਾਤਰੀ ਤਿਉਹਾਰ ਮੌਕੇ 11 ਜ਼ਰੂਰਤਮੰਦ ਲੜਕੀਆਂ ਦੇ ਵਿਆਹ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। 'ਅੱਜ ਦੀ ਆਵਾਜ਼' ਨਾਲ ਗੱਲਬਾਤ ਕਰਦਿਆਂ ਮੋਹਨ ਗਿਰੀ ਜੀ ਨੇ ਦੱਸਿਆ ਕਿ ਸ਼ਿਵਰਾਰਤੀ ਤੋਂ ਇੱਕ ਦਿਨ ਪਹਿਲਾਂ ਇਨ੍ਹਾਂ 11 ਲੜਕੀਆਂ ਦੇ ਵਿਆਹ ਕਰਵਾਏ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਇਹ ਵਿਆਹ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਕੀਤੇ ਜਾਣਗੇ। ਬਰਾਤਾਂ ਦੇ ਸਵਾਗਤ ਅਤੇ ਵਿਦਾਇਗੀ ਸਮਾਰੋਹ ਮੰਦਰ ਵਿੱਚ ਹੀ ਕੀਤੇ ਜਾਣਗੇ। ਇਸ ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਅਨੇਕਾਂ ਸ਼ਖਸੀਅਤਾਂ ਇਸ ਮੌਕੇ ਪਹੁੰਚਣਗੀਆਂ।

ਗਣਤੰਤਰ ਦਿਵਸ ਧੂਮ-ਧਾਮ ਨਾਲ ਮਨਾਇਆ

ਅਮਲੋਹ, 28 ਜਨਵਰੀ (ਵਿਪਨ ਬਾਂਸਲ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ 61ਵੇਂ ਗਣਤੰਤਰ ਦਿਵਸ ਦਾ ਦਿਹਾੜਾ ਧੂਮ ਧਾਮ ਨਾਲ ਮਨਾਇਆਂ ਗਿਆ। ਇਸ ਮੌਕੇ ਰੱਖੇ ਇਕ ਸਮਾਗਮ ਵਿਚ ਕੌਮੀ ਝੰਡਾ ਲਹਿਰਾਉਣ ਦੀ ਰਸਮ ਪ੍ਰਿੰਸੀਪਲ ਨਵਤੇਜਇੰਦਰ ਕੁਮਾਰ ਨੇ ਅਦਾ ਕੀਤੀ। ਇਸ ਸਮਾਗਮ ਵਿਚ ਪੀ.ਟੀ.ਏ. ਪ੍ਰਧਾਨ ਰਾਮ ਸਰਨ ਅਤੇ ਪਸਵਕ ਕਮੇਟੀ ਚੇਅਰਮੈਨ ਡਾ. ਹਰਪ੍ਰੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸਿਰਕੱਤ ਕੀਤੀ। ਸਕੂਲੀ ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਸਕਿੱਟ, ਗਿੱਧਾ, ਭੰਗੜਾ, ਕੋਰੀਓਗ੍ਰਾਫੀ ਸ਼ਾਮਲ ਸਨ। ਸਮਾਗਮ ਦੇ ਅੰਤ ਵਿਚ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ ਅਤੇ ਸਕੂਲ ਸਟਾਫ ਵੱਲੋਂ ਇਸ ਦਿਵਸ ਦੀ ਵਧਾਈ ਵੀ ਦਿੱਤੀ ਗਈ। ਗਣਤੰਤਰ ਦਿਵਸ ਦਾ ਦਿਹਾੜਾ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਵਿਚ ਧੂਮਧਾਮ ਨਾਲ ਮਨਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਕੌਂਸਲ ਦੇ ਪ੍ਰਧਾਨ ਸ੍ਰੀ ਧਰਮ ਪਾਲ ਰਾਓ ਨੇ ਅਦਾ ਕੀਤੀ। ਇਸ ਮੌਕੇ ਤੇ ਕੌਂਸਲਰ, ਕੌਂਸਲ ਦੇ ਮੁਲਾਜਮ ਅਤੇ ਵੱਡੀ ਗਿਣਤੀ ਵਿਚ ਸ਼ਹਿਰ ਦੇ ਪਤਵੰਤਿਆਂ ਨੇ ਸਮੂਲੀਅਤ ਕੀਤੀ। ਸਮਾਗਮ ਦੌਰਾਨ ਸਾਨਦਾਰ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਅਤੇ ਬਾਅਦ ਵਿਚ ਖੁਸੀ ਵਿਚ ਲੱਡੂ ਤਕਸੀਮ ਕੀਤੇ ਗਏ। ਸੈਕਰਡ ਹਰਟ ਸੀਨੀਅਰ ਸੈਕੰਡਰੀ ਸਕੂਲ ਜਲਾਲਪੁਰ ਵਿਚ ਵੀ ਇਹ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ ਜਿਥੇ ਝੰਡਾ ਲਹਿਰਾਉਣ ਦੀ ਰਸਮ ਸਕੂਲ ਦੀ ਮਨੈਜਿੰਗ ਕਮੇਟੀ ਦੇ ਚੈਅਰਮੈਨ ਸ੍ਰੀ ਜੋਸਫ਼ ਕੋਟਾਰਮ ਨੇ ਅਦਾ ਕੀਤੀ। ਮਨੈਜਿੰਗ ਡਾਇਰੈਕਟਰ ਸ੍ਰੀ ਜੇ.ਪੀ.ਐਸ.ਜੌਲੀ ਅਤੇ ਪ੍ਰਿੰਸੀਪਲ ਸਾਜੀ ਜੈਕਬ ਨੇ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਰਾਸ਼ਟਰੀ ਗੀਤ ਪੇਸ ਕੀਤਾ ਗਿਆ ਅਤੇ ਬਾਅਦ ਵਿਚ ਸਭਿਆਚਾਰਕ ਪ੍ਰੋਗਰਾਮ ਵੀ ਪੇਸ ਕੀਤਾ ਗਿਆ।

ਮੁੱਖ ਮੰਤਰੀ ਦਾ ਪੁਤਲਾ ਸਾੜ ਕੇ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਕੀਤਾ

ਤਪਾ ਮੰਡੀ, 28 ਜਨਵਰੀ (ਯਾਦੂ ਭੁੱਲਰ)-ਪੰਜਾਬ ਸਰਕਾਰ ਵੱਲੋਂ ਸੁਖਬੀਰ ਬਾਦਲ, ਮਨੋਰੰਜਨ ਕਾਲੀਆ ਕਮੇਟੀ ਵੱਲੋਂ ਸਿਫਾਰਸ਼ ਕੀਤੀ, ਬਿਜਲੀ ਬਿੱਲਾਂ ਨੂੰ ਲਾਗੂ ਕਰਨ ਦੀ ਨੀਤੀ ਦੇ ਖਿਲਾਫ ਇਸ ਖੇਤਰ ਵਿੱਚ ਕਿਸਾਨੀ ਅੰਦਰ ਭਾਰੀ ਰੋਹ ਪੈਦਾ ਹੋ ਗਿਆ ਹੈ, ਥਾਂ-ਥਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁਤਲੇ ਸਾੜਨ ਦੇ ਸਿਲਸਿਲੇ ਵਿੱਚ ਨਜ਼ਦੀਕੀ ਪਿੰਡ ਦਰਾਜ ਦੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਅਗਵਾਈ ਵਿੱਚ ਕਿਸਾਨ ਕੁੱਦ ਪਏ ਹਨ, ਯੂਨੀਅਨ ਦੇ ਤਰਜਮਾਨ ਗੁਰਤੇਜ ਤੇ ਹਰਨੇਕ ਸਿੰਘ ਨੇ ਇੱਕ ਬਿਆਨ ਵਿੱਚ ਦਲਿਤਾਂ ਦੇ ਮਜ਼ਦੂਰਾਂ ਦੀ 200 ਯੂਨਿਟ ਬਿਜਲੀ ਮੁਆਫੀ ਨੂੰ ਰੱਦ ਕਰਨ ਦੀ ਨਿੰਦਾ ਕੀਤੀ ਤੇ ਖੇਤੀ ਬਿਜਲੀ ਮੋਟਰਾਂ ਨੂੰ 50 ਰੁਪਏ ਹਾਰਸ ਪਾਵਰ ਬਿਜਲੀ ਬਿੱਲ ਲਾਉਣ ਦੀ ਵੀ ਨਿੰਦਾ ਕੀਤੀ। ਉਕਤ ਆਗੂਆਂ ਦੀ ਅਗਵਾਈ ਵਿੱਚ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਸਾੜ ਕੇ ਬਿਜਲੀ ਬਿੱਲ ਲਾਉਣ ਅਤੇ ਨਹਿਰੀ ਪਾਣੀ ਦਾ ਮਾਮਲਾ ਮੁੜ ਉਗਰਾਹੁਣ ਦੇ ਖਿਲਾਫ ਭਾਰੀ ਪ੍ਰਦਰਸ਼ਨ ਕੀਤਾ, ਜਿਸ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

ਪਿੰਡ ਦਰਾਜ ਵਿਖੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਮੁੱਖ ਮੰਤਰੀ ਦਾ ਪੁਤਲਾ ਸਾੜਦੇ ਹੋਏ। ਤਸਵੀਰ: ਯਾਦੂ ਭੁੱਲਰ

ਕਾਮਰੇਡ ਗੁਲਾਬ ਖਾਂ ਨੂੰ ਸਦਮਾ

ਤਪਾ ਮੰਡੀ, 28 ਜਨਵਰੀ (ਯਾਦੂ ਭੁੱਲਰ, ਭੂਸ਼ਨ ਘੜੈਲਾ)-ਬਜ਼ੁਰਗ ਕਮਿਊਨਿਸਟ ਆਗੂ ਕਾਮਰੇਡ ਗੁਲਾਬ ਖਾਂ ਘੜੈਲੀ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਜੀਜਾ ਸ੍ਰੀ ਰਲਾ ਖਾਂ (80 ਸਾਲ) ਅਚਾਨਕ ਸਦੀਵੀ ਵਿਛੋੜਾ ਦੇ ਗਏ। ਪਿੰਡ ਘੜੈਲੀ ਵਿਖੇ 29 ਜਨਵਰੀ ਨੂੰ 11 ਵਜੇ ਉਨ੍ਹਾਂ ਦਾ ਖਾਤਮਾ ਪੜ੍ਹਿਆ ਜਾਏਗਾ। ਇਸ ਮੌਕੇ ਕਮਿਊਨਿਸਟ ਆਗੂ, ਸਮਾਜ ਸੇਵਕ ਅਤੇ ਰਿਸ਼ਤੇਦਾਰ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

ਪ੍ਰਕਾਸ਼ ਦਿਵਸ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ

ਸ਼ਾਹਪੁਰ ਕੰਢੀ, 28 ਜਨਵਰੀ (ਜੰਡੀਰ)-ਗੁਰੂ ਰਵਿਦਾਸ ਸਭਾ ਸ਼ਾਹਪੁਰ ਕੰਢੀ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਗੁਰੂ ਰਵਿਦਾਸ ਸਭਾ ਤੋਂ ਆਰੰਭ ਹੋਇਆ ਕਾਲੋਨੀ ਦੀ ਪਰਕਰਮਾ ਕਰਦਾ ਹੋਇਆ ਸ਼ਾਮ ਨੂੰ ਗੁਰੂ ਰਵਿਦਾਸ ਸਭਾ ਸ਼ਾਹਪੁਰ ਕੰਡੀ ਸਮਾਪਤ ਹੋਇਆ। ਭਾਰੀ ਗਿਣਤੀ ਵਿੱਚ ਲੋਕਾਂ ਦਾ ਉਤਸ਼ਾਹ ਸੀ। ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਗਤਕਾ ਪਾਰਟੀ ਗੱਤਕੇ ਦੇ ਜੌਹਰ ਦਿਖਾ ਰਹੇ ਸਨ। ਲੋਕ ਸੇਵਕ ਜਥਾ ਸ਼ਾਹਪੁਰ ਕੰਢੀ ਲੱਡੂਆਂ ਦੀ ਸੇਵਾ ਕਰ ਰਿਹਾ ਸੀ। ਨਛੱਤਰ ਸਿੰਘ ਪ੍ਰਧਾਨ ਜੋਗ ਰਾਜ ਸਿੰਘ ਸਕੱਤਰ, ਸੁਖਦੇਵ ਸਿੰਘ ਹਾਜ਼ਰ ਸਨ। ਸਮੂੰਹ ਧਾਰਮਿਕ ਸੇਵਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। 27 ਤਰੀਕ ਡੈਮ ਸਾਈਟ ਉੱਚਾ ਥੜਾ ਕਾਲੋਨੀ ਧਾਰਮਿਕ ਸਭਾ ਵੱਲੋਂ ਨਗਰ ਕੀਰਤਨ ਸਜਾਇਆ ਗਿਆ।

ਗੁਰਦੁਆਰਾ ਕੌਂਸਲ, ਅਮਰੀਕਾ ਵੱਲੋਂ ਸਿੱਖ ਜਗਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਮਾਣ-ਮਰਿਆਦਾ ਤੇ ਹੁਕਮਨਾਮੇ 'ਤੇ ਫੁੱਲ ਚੜ੍ਹਾਉਣ ਦੀ ਪੁਰਜ਼ੋਰ ਅਪੀਲ

ਰੋਸਚੈਸਟਰ (ਅਮਰੀਕਾ), 28 ਜਨਵਰੀ (ਅ.ਬ.)- ਅਮਰੀਕਨ ਗੁਰਦੁਆਰਾ ਕੌਂਸਲ ਵੱਲੋਂ ਸਮੂਹ ਸਿੱਖ ਜਗਤ ਨੂੰ ਪੁਰਜ਼ੋਰ ਬੇਨਤੀ ਕੀਤੀ ਜਾਂਦੀ ਹੈ ਕਿ ਜੋ ਫੈਸਲਾ ਸਿੱਖ ਕੌਮ ਦੀ ਸੁਪਰੀਮ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਤੇ ਦੂਸਰੇ ਤਖਤਾਂ ਦੇ ਜਥੇਦਾਰ ਸਾਹਿਬਾਨ ਨੇ ਸਾਂਝੇ ਤੌਰ 'ਤੇ ਪ੍ਰੋਫੈਸਰ ਦਰਸ਼ਨ ਸਿੰਘ ਦੇ ਗੰਭੀਰ ਮਸਲੇ ਦੇ ਸੰਬੰਧ ਵਿੱਚ 5 ਦਸੰਬਰ 2009 ਨੂੰ ਕੀਤਾ ਸੀ ਤੇ ਹੁਣ ਆਖਰੀ ਫੈਸਲਾ 29 ਜਨਵਰੀ 2010 ਨੂੰ ਹੋਵੇਗਾ। ਉਸ 'ਤੇ ਸਾਰੀ ਸਿੱਖ ਕੌਮ ਨੂੰ ਫੁੱਲ ਚੜ੍ਹਾਉਣੇ ਚਾਹੀਦੇ ਹਨ। ਕਿਉਂਕਿ ਜਥੇਦਾਰ ਸਾਹਿਬਾਨਾਂ ਕੋਲ ਦੋਸ਼ੀ ਪ੍ਰੋਫੈਸਰ ਦਰਸ਼ਨ ਸਿੰਘ ਦੇ ਸਾਰੇ ਸਬੂਤ ਡੀ.ਵੀ.ਡੀ. ਸਮੇਤ ਮੌਜੂਦ ਹਨ। ਇਨ੍ਹਾਂ ਡੀ.ਵੀ.ਡੀ ਵਿੱਚ ਪ੍ਰੋਫੈਸਰ ਦਰਸ਼ਨ ਸਿੰਘ ਵੱਲੋਂ ਅਮਰੀਕਾ ਦੇ ਗੁਰਦੁਆਰਾ ਸਾਹਿਬ ਰੋਸਚੈਸਟਰ ਵਿਖੇ ਕੀਰਤਨ ਸਮਾਗਮ ਦੌਰਾਨ ਦਸਮੇਸ਼ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸਦਾਨੀ ਦੇ ਜੀਵਨ ਵਿਰੁੱਧ ਗਲਤ ਤੇ ਜ਼ਹਿਰੀਲਾ ਪ੍ਰਚਾਰ ਕਰਕੇ ਸਿੱਖ ਸੰਗਤਾਂ ਨੂੰ ਗੁੰਮਰਾਹ ਕੀਤਾ ਗਿਆ। ਜਿਸ ਕਰਕੇ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਹੋਇਆ। ਰੋਸ ਵਜੋਂ ਅਮਰੀਕਾ ਵਿੱਚ ਟੀ.ਵੀ. (Jus Punjabi) ਨੇ ਟੈਲੀਫੋਨ ਰਾਹੀਂ ਪ੍ਰੋਫੈਸਰ ਦਰਸ਼ਨ ਸਿੰਘ ਨਾਲ ਰਾਬਤਾ ਕਾਇਮ ਕਰਕੇ ਉਹੀ ਪ੍ਰਸ਼ਨ ਪੁੱਛੇ ਜਿਹੜੇ ਰੋਸਚੈਸਟਰ ਗੁਰੂਘਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਪ੍ਰਚਾਰੇ ਸਨ। ਪ੍ਰੋਫੈਸਰ ਸਾਹਿਬ ਨੂੰ ਟੀ.ਵੀ. 'ਤੇ ਪੁੱਛਿਆ ਗਿਆ ਕਿ ਤੁਸੀਂ ਗੁਰਦੁਆਰੇ ਵਿੱਚ ਵਿਆਖਿਆ ਕੀਤੀ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗ੍ਰੰਥ ਵਿੱਚ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਸਵਾ ਦੇ ਘਰ ਗਏ ਤੇ ਵੇਸਵਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਗਲਤ ਸੰਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਤੇ ਗੁਰੂ ਜੀ ਆਪਣਾ ਚੋਲਾ ਤੇ ਜੁੱਤੀ ਛੱਡ ਕੇ ਉਥੋ ਦੌੜੇ ਤੇ ਵੇਸਵਾ ਦੇ ਭਰਾਵਾਂ ਨੇ ਗੁਰੂ ਜੀ ਦੀ ਦਾੜ੍ਹੀ ਪੁੱਟੀ, ਕਿਉਂਕਿ ਗੁਰੂ ਜੀ ਨੇ ਸੋਚਿਆ ਕਿ ਜੇ ਮੈਂ ਵੇਸਵਾ ਨਾਲ ਗਲਤ ਸੰਬੰਧ ਬਣਾਏ ਤਾਂ ਇਨ੍ਹਾਂ ਸੰਬੰਧਾਂ ਨਾਲ ਭੜੂਆ ਪੈਦਾ ਹੋਵੇਗਾ। ਇਸ ਬਾਰੇ ਜੱਸ ਪੰਜਾਬੀ ਟੀ.ਵੀ. ਵਾਲਿਆਂ ਨੇ ਪੁੱਛਿਆ ਕਿ ਪ੍ਰੋਫੈਸਰ ਸਾਹਿਬ ਦੱਸੋ ਕਿਹੜੇ ਪੰਨੇ ਤੇ ਦਸਮ ਗ੍ਰੰਥ ਵਿੱਚ ਇਸ ਤਰ੍ਹਾਂ ਲਿਖਿਆ ਹੈ ਤਾਂ ਪ੍ਰੋਫੈਸਰ ਸਾਹਿਬ ਏਧਰ-ਉਧਰ ਦੀਆਂ ਮਾਰਨ ਲੱਗੇ, ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕੇ। ਇਸ ਸਾਰੀ ਚਰਚਾ ਦੀ ਡੀ.ਵੀ.ਡੀ ਅਸੀਂ ਰਿਕਾਰਡ ਕਰਕੇ ਗਿਆਨੀ ਗੁਰਬਚਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਪ ਮਿਲ ਕੇ ਸਬੂਤ ਦਿੱਤੇ ਸਨ ਤੇ ਪੁਰਜ਼ੋਰ ਬੇਨਤੀ ਕੀਤੀ ਸੀ ਕਿ ਇਸ ਗੰਭੀਰ ਮਸਲੇ 'ਤੇ ਵਿਚਾਰ ਕਰਕੇ ਪ੍ਰੋਫੈਸਰ ਦਰਸ਼ਨ ਸਿੰਘ ਤੋਂ ਸਪੱਸ਼ਟੀਕਰਨ ਮੰਗਿਆ ਜਾਵੇ। 17 ਨਵੰਬਰ 2009 ਨੂੰ ਜਥੇਦਾਰ ਸਾਹਿਬਾਨਾਂ ਨੇ ਮੀਟਿੰਗ ਕਰਕੇ 5 ਦਸੰਬਰ 2009 ਨੂੰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਸੱਦਿਆ ਸੀ ਬਣਦਾ ਤਾਂ ਇਹ ਸੀ ਕਿ ਪ੍ਰੋਫੈਸਰ ਸਾਹਿਬ ਇੱਕ ਨਿਮਾਣੇ ਸਿੱਖ ਦੀ ਤਰ੍ਹਾਂ ਪੇਸ਼ ਹੁੰਦੇ। ਪਰ ਜਿਸ ਨਾਟਕੀ ਢੰਗ ਨਾਲ ਪ੍ਰੋਫੈਸਰ ਸਾਹਿਬ ਜਿਸ ਤਰ੍ਹਾਂ ਲਸ਼ਕਰੇ ਹਿੰਦ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਧਾਵਾ ਬੋਲਣਾ ਹੁੰਦਾ ਆਏ, ਸਾਰੀ ਸਿੱਖ ਕੌਮ ਭਲੀ-ਭਾਂਤ ਜਾਣੂੰ ਹੈ ਕਿ ਪ੍ਰੋਫੈਸਰ ਸਾਹਿਬ ਆਏ ਪਹਿਲਾਂ ਬਤੌਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਸੇਵਾ ਨਿਭਾ ਚੁੱਕੇ ਹਨ ਤੇ ਸ੍ਰੀ ਅਕਾਲ ਤਖਤ ਦੀ ਮਾਣ ਮਰਿਯਾਦਾ ਤੇ ਇਤਿਹਾਸ ਦਾ ਪੂਰਾ ਪਤਾ ਹੈ ਕਿ ਕਿਸੇ ਸਮੇਂ ਅਕਾਲੀ ਫੂਲਾ ਸਿੰਘ ਜਥੇਦਾਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਨੇ ਜਥੇਦਾਰ ਦੀ ਸੇਵਾ ਸਮੇਂ ਮੁੱਖ ਮੰਤਰੀ ਸ੍ਰ. ਸੁਰਜੀਤ ਸਿੰਘ ਬਰਨਾਲਾ ਨੂੰ ਥੰਮ ਨਾਲ ਬੰਨ੍ਹ ਕੇ ਸਜ਼ਾ ਲਾਈ ਸੀ। ਅਸੀਂ ਅਮੈਰੀਕਨ ਗੁਰਦੁਆਰਾ ਕੌਂਸਲ ਵੱਲੋਂ ਅਮਰੀਕਾ ਦੀਆਂ ਸਿੱਖ ਸੰਗਤਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਬਾਕੀ ਤਖਤਾਂ ਦੇ ਜਥੇਦਾਰ ਸਹਿਬਾਨਾਂ ਨੂੰ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਜੇ ਪ੍ਰੋਫੈਸਰ ਸਾਹਿਬ 29 ਜਨਵਰੀ 2010 ਨੂੰ ਪੇਸ਼ ਹੁੰਦੇ ਹਨ। ਸਿੱਖ ਪ੍ਰੰਪਰਾ ਅਨੁਸਾਰ ਢੁੱਕਵੀਂ ਸਜ਼ਾ ਲਾਉਣ ਜੇ ਪ੍ਰੋਫੈਸਰ ਸਾਹਿਬ 29 ਜਨਵਰੀ 2010 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ ਜਾਵੇ।

ਕਿਉਂਕਿ ਕਿਸੇ ਵੀ ਪ੍ਰਚਾਰਕ ਨੂੰ ਗੁਰੂ ਸਾਹਿਬਾਨਾਂ ਦੇ ਜੀਵਨ ਬਾਰੇ ਗਲਤ ਪ੍ਰਚਾਰ ਕਰਨਾ ਗੁਰੂ ਸਾਹਿਬ ਜੀ ਦੇ ਜੀਵਨ 'ਤੇ ਕਿੰਤੂ-ਪ੍ਰੰਤੂ ਕਰਨ ਦਾ ਕੋਈ ਹੱਕ ਨਹੀਂ ਜੇ ਕੋਈ ਸਿੱਖ ਕਰਦਾ ਹੈ ਤਾਂ ਉਹ ਦਸ ਗੁਰੂ ਸਾਹਿਬਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਨਹੀਂ ਹੋ ਸਕਦਾ ਆਰ.ਐੱਸ.ਐੱਸ.ਐੱਸ. ਜਾਂ ਕਿਸੇ ਮਿਸ਼ਨਰੀ ਸੰਸਥਾ ਦਾ ਨੁਮਾਇੰਦਾ ਹੋ ਸਕਦਾ ਹੈ, ਜੋ ਸਿੱਖ ਕੌਮ ਵਿੱਚ ਦੁਬਿੱਧਾ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਸੋ ਜਥੇਦਾਰ ਸਾਹਿਬਾਨਾਂ ਨੂੰ ਬੇਨਤੀ ਹੈ, 29 ਜਨਵਰੀ 2010 ਤੱਕ ਇਸ ਗੰਭੀਰ ਮਸਲੇ ਹਲ ਕਰਨ ਤਾਂ ਕਿ ਕੋਈ ਹੋਰ ਗੁਰੂ ਘਰ ਦਾ ਦੋਖੀ ਪ੍ਰਚਾਰਕ ਇਸ ਤਰ੍ਹਾਂ ਗੁਰੂ ਸਾਹਿਬਾਨਾਂ ਦੇ ਜੀਵਨ ਬਾਰੇ ਗੁੰਮਰਾਹਕੁੰਨ ਪ੍ਰਚਾਰ ਕਰ ਸਕੇ। ਸਿੱਖ ਜਗਤ ਨੂੰ ਬੇਨਤੀ ਕਰਦੇ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਆਏ ਹੁਕਮਨਾਮੇ ਦੀ ਖਾਸ ਪਾਲਣਾ ਕੀਤੀ ਜਾਵੇ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਹਾਨਤਾ ਤੇ ਮਾਣ-ਮਰਿਆਦਾ ਬਰਕਰਾਰ ਰਹੇ।

ਪੰਥ ਦੇ ਦਾਸ ਬਲਬੀਰ ਸਿੰਘ ਟੁੱਟ (ਜਨਰਲ ਸੈਕਟਰੀ)
ਭਾਈ ਰਾਮ ਸਿੰਘ ਪ੍ਰਧਾਨ ਅਮਰੀਕਨ ਗੁਰਦੁਆਰਾ ਕੌਂਸਲ

ਬਾਬਾ ਨਿਰੰਜਣ ਸਿੰਘ ਜੀ ਦੀ 21ਵੀਂ ਬਰਸੀ 3 ਫਰਵਰੀ ਤੋਂ

ਨੂਰਪੁਰ ਬੇਦੀ, 28 ਜਨਵਰੀ (ਪਰਮਜੀਤ ਅਬਿਆਣਾ)- ਗੁਰਦੁਆਰਾ ਸ਼ਹੀਦੀ ਬਾਗ ਬੇਈਂਹਾਰਾ (ਹੀਰਪੁਰ) ਵਿਖੇ ਸੱਚਖੰਡ ਵਾਸੀ ਜਥੇਦਾਰ ਬਾਬਾ ਨਿਰੰਜਣ ਸਿੰਘ ਜੀ ਦੀ 21ਵੀਂ ਬਰਸੀ ਮਿਤੀ 3-4 ਅਤੇ 5 ਫਰਵਰੀ ਨੂੰ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇਦਾਰ ਬਾਬਾ ਤਾਰਾ ਸਿੰਘ ਬੇਈਂਹਾਰਾ ਵਾਲਿਆਂ ਨੇ ਦੱਸਿਆ ਕਿ 3 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪਰਾ ਆਰੰਭ ਕਰਵਾਏ ਜਾਣਗੇ ਅਤੇ 4 ਫਰਵਰੀ ਨੂੰ ਰਾਤ ਦੇ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਭਾਈ ਸਵਰਨ ਸਿੰਘ ਭੱਲੜੀ ਦਾ ਸੰਗੀਤਕ ਜੱਥਾ, ਭਾਈ ਤਰਸੇਮ ਸਿੰਘ ਮੋਰਾਂਵਾਲੀ ਦਾ ਢਾਡੀ ਜੱਥਾ ਅਤੇ ਸੰਤ ਪਰਮਿੰਦਰ ਸਿੰਘ ਸੰਧੂਆਂ ਵਾਲੇ ਸੰਗਤਾਂ ਦੇ ਰੂ-ਬ-ਰੂ ਹੋਣਗੇ ਅਤੇ 5 ਫਰਵਰੀ ਨੂੰ ਭੋਗ ਉਪਰੰਤ ਕਥਾ ਵਾਚਕ ਭਾਈ ਮਨਜੀਤ ਸਿੰਘ ਹਰਖੋਵਾਲੀਏ ਅਤੇ ਭਾਈ ਗੋਪਾਲ ਸਿੰਘ ਧਾਲੀਵਾਲ ਦਾ ਢਾਡੀ ਜੱਥਾ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਉਣਗੇ। ਇਸ ਮੌਕੇ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ, ਸੰਤ ਬਾਬਾ ਲਾਭ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ, ਸਿੰਘ ਸਾਹਿਬ ਬਾਬਾ ਮੱਖਣ ਸਿੰਘ ਜੀ ਮੁਖੀ ਤਰਨਾ ਦਲ ਬਾਬਾ ਬਕਾਲਾ ਸਾਹਿਬ, ਸੰਤ ਅਜੀਤ ਸਿੰਘ ਹਲਕਾ ਵਿਧਾਇਕ, ਗੁਰਿੰਦਰ ਸਿੰਘ ਗੋਗੀ ਮੈਂਬਰ ਐੱਸ.ਜੀ.ਪੀ.ਸੀ., ਮਾਸਟਰ ਜਗੀਰ ਸਿੰਘ ਮੈਂਬਰ ਐੱਸ.ਜੀ.ਪੀ.ਸੀ. ਹਿਮਾਚਲ ਪ੍ਰਦੇਸ਼, ਸੰਤ ਗੁਰਦੇਵ ਸਿੰਘ ਗੁਰਦੁਆਰਾ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਸੰਤ ਮਹਾਂਪੁਰਸ਼ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ। ਇਸ ਮੌਕੇ ਗੁਰੂ ਕਾ ਲੰਗਰ ਵੀ ਅਟੁੱਟ ਵਰਤਾਇਆ ਜਾਵੇਗਾ।

ਪੁਲਿਸ ਵੈੱਬਸਾਈਡ ਦਾ ਮੰਤਰੀ ਵੱਲੋਂ ਉਦਘਾਟਨ

ਹੁਸ਼ਿਆਰਪੁਰ, 28 ਜਨਵਰੀ (ਕੁਲਦੀਪ ਸਿੰਘ ਪੱਟੀ)-ਸ੍ਰੀ ਪ੍ਰਮੋਦ ਬਾਠ ਐੱਸ.ਐੱਸ.ਪੀ. ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਤਿਆਰ ਕਰਵਾਈ ਗਈ ਪੰਜਾਬ ਪੁਲਿਸ ਦੀ ਜ਼ਿਲ੍ਹਾ ਪੱਧਰੀ ਵਿਭਾਗੀ ਜਾਣਕਾਰੀ ਵਾਲੀ ਪੁਲਿਸ ਵੈੱਬਸਾਈਟ ਵਿੱਚ ਪੁਲਿਸ ਲਾਈਨ ਹੁਸ਼ਿਆਰਪੁਰ ਵਿਖੇ ਤੀਕਸ਼ਨ ਸੂਦ ਕੈਬਨਿਟ ਮੰਤਰੀ ਨੇ ਉਦਘਾਟਨ ਕੀਤਾ। ਇਸ ਮੌਕੇ ਡੀ.ਸੀ. ਹੁਸ਼ਿਆਰਪੁਰ ਸ੍ਰੀ ਮੇਘਰਾਜ ਤੇ ਹੋਰ ਜੂਨੀਅਰ ਪੁਲਿਸ ਅਫਸਰ ਵੀ ਹਾਜ਼ਰ ਸਨ।

ਜੱਚਾ ਬੱਚਾ ਮੈਡੀਕਲ ਜਾਂਚ ਕੈਂਪ ਲਗਾਇਆ

ਸ਼ਾਹਕੋਟ, 28 ਜਨਵਰੀ (ਜਿੰਦਰ ਪਾਲ ਸਿੰਘ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਸਿਵਲ ਹਸਪਤਾਲ ਸ਼ਾਹਕੋਟ ਦੇ ਮੁਲਾਜ਼ਮਾਂ ਵੱਲੋਂ ਹਸਪਤਾਲ ਦੇ ਅਹਾਤੇ ਵਿੱਚ ਗਣਤੰਤਰ ਦਿਵਸ ਦੇ ਮੌਕੇ 'ਤੇ ਜੱਚਾ ਬੱਚਾ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ। ਸਿਹਤ ਵਿਭਾਗ ਦੇ ਮੁਲਾਜ਼ਮ ਹਰਜਿੰਦਰ ਸਿੰਘ ਬਾਗਪੁਰੀ ਦੇ ਪ੍ਰਬੰਧਾਂ ਹੇਠ ਲਗਾਏ ਗਏ ਕੈਂਪ ਵਿੱਚ ਐਸ.ਐਸ.ਓ. ਡਾ. ਵੀਨਾ ਪਾਲ, ਡਾ. ਸੁਖਜੀਤ ਕੌਰ ਅਤੇ ਡਾ. ਦਵਿੰਦਰ ਕੁਮਾਰ ਆਦਿ ਨੇ ਕੈਂਪ ਵਿੱਚ 247 ਮਰੀਜ਼ਾਂ ਦੀ ਡਾਕਟਰੀ ਜਾਂਚ ਕੀਤੀ। ਇਸ ਕੈਂਪ ਵਿੱਚ ਗਰਭਵਤੀ ਔਰਤਾਂ, ਟੀਕਾਕਰਨ ਵਾਲੇ ਬੱਚੇ ਅਤੇ ਹੋਰ ਬਿਮਾਰੀਆਂ ਦੇ ਮਰੀਜ਼ ਸ਼ਾਮਿਲ ਹੋਏ। ਇਸ ਮੌਕੇ 'ਤੇ ਮਰੀਜ਼ਾਂ ਦੇ ਖਾਣ ਪੀਣ ਦਾ ਵੀ ਵਧੀਆ ਪ੍ਰਬੰਧ ਕੀਤਾ ਗਿਆ ਸੀ।

ਉੱਤਰ ਰੇਲਵੇ

ਟੈਂਡਰ ਸੂਚਨਾ

ਸੀਨੀਅਰ ਮੰਡਲ ਬਿਜਲਈ ਇੰਜੀਨੀਅਰ, ਉੱਤਰ ਰੇਲਵੇ, ਬਿਜਲਈ ਲੋਕੋ ਸ਼ੈੱਡ, ਲੁਧਿਆਣਾ ਦੁਆਰਾ ਉਨ੍ਹਾਂ ਠੇਕੇਦਾਰਾਂ ਜੋ RDSO/CLW ਤੋਂ Approved/Developmental Source ਹੋਣ ਤੋਂ ਬੰਦ ਲਿਫਾਫੇ ਵਿਚ ਮੋਹਰਬੰਦ ਖੁੱਲ੍ਹੇ ਟੈਂਡਰ ਨਿਮਨਲਿਖਤ ਕੰਮ ਲਈ ਭਾਰਤ ਦੇ ਰਾਸ਼ਟਰਪਤੀ ਵੱਲੋਂ ਮਿਤੀ 03.03.2010 ਨੂੰ ਦੁਪਹਿਰ 15.00 ਵਜੇ ਤੱਕ ਮੰਗੇ ਜਾਂਦੇ ਹਨ। ਉਪਰੋਕਤ ਟੈਂਡਰ ਉਸੇ ਦਿਨ ਸ਼ਾਮ 15.15 ਵਜੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸੀਨੀਅਰ ਮੰਡਲ ਬਿਜਲਈ ਇੰਜੀਨੀਅਰ ਚਲ ਸਟਾਕ, ਉੱਤਰ ਰੇਲਵੇ, ਲੁਧਿਆਣਾ ਦੇ ਦਫ਼ਤਰ ਤੋਂ ਮਿਤੀ 03.03.2010 ਨੂੰ ਦੁਪਹਿਰ 12.00 ਵਜੇ ਤੱਕ ਕਿਸੇ ਵੀ ਕੰਮ ਵਾਲੇ ਦਿਨ ਨੂੰ 5000/- ਰੁਪਏ DD Demand Draft ਪ੍ਰਤੀ ਸੈੱਟ ਭੁਗਤਾਨ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਰਕਮ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਹੋਵੇਗੀ। ਠੇਕੇਦਾਰ ਟੈਂਡਰ ਫਾਰਮ ਖੋਲ੍ਹਣ ਦੇ ਸਮੇਂ ਹਾਜ਼ਰ ਰਹਿ ਸਕਦੇ ਹਨ। ਟੈਂਡਰ ਫਾਰਮ ਖੋਲ੍ਹਣ ਦੇ ਦਿਨ ਛੁੱਟੀ ਹੋਣ 'ਤੇ ਅਗਲੇ ਕੰਮ ਵਾਲੇ ਦਿਨ ਨੂੰ ਉਸੇ ਸਮੇਂ ਟੈਂਡਰ ਫਾਰਮ ਖੋਲ੍ਹੇ ਜਾਣਗੇ। ਟੈਂਡਰ ਨੰ. 230-ਬਿਜਲਈ/ਚਲ ਸਟਾਕ/ਲੁਧਿਆਣਾ/WC/DBR/01. ਕੰਮ ਦਾ ਨਾਂਅ- Repair & Complete Rehabilitation of DBR in LDH based Electric Locos. ਅੰਦਾਜਨ ਰਕਮ: ਰੁ: 1.37 ਕਰੋੜ ਮਾਤਰਾ: 20 ਅਦਦ ਟੈਂਡਰ ਫਾਰਮ ਦੀ ਰਕਮ: 5000/- ਰੁਪਏ (ਪ੍ਰਤੀ ਫਾਰਮ) ਜੋ ਵਾਪਸ ਨਹੀਂ ਹੋਵੇਗੀ। ਬਿਆਨਾ ਰਕਮ: ਰੁ: 2,19,000/- ਕੰਮ ਦਾ ਅਰਸਾ: 12 ਮਹੀਨੇ। ਨੋਟ 1. ਬਿਆਨਾ ਰਕਮ ਸੀਨੀਅਰ ਮੰਡਲ ਵਿੱਤ ਪ੍ਰਬੰਧਕ/ਉ.ਰੇ./ਫਿਰੋਜ਼ਪੁਰ ਦੇ ਨਾਂਅ ਅਤੇ ਐਫ.ਡੀ.ਆਰ ਦੇ ਰੂਪ ਵਿੱਚ ਅਦਾ ਹੋਣੀ ਚਾਹੀਦੀ ਹੈ। 2. ਫਰਮ ਦੁਆਰਾ ਪਿਛਲੇ ਤਿੰਨ ਸਾਲ (ਵਰਤਮਾਨ ਸਾਲ ਅਤੇ ਪਿਛਲੇ ਤਿੰਨ ਵਿੱਤੀ ਸਾਲ) ਇਸੇ ਤਰ੍ਹਾਂ ਦਾ ਇਕ ਕੰਮ ਸ਼ੁਰੂ ਤੋਂ ਅਖੀਰ ਤੱਕ ਵਰਤਮਾਨ ਲਾਗਤ ਦਾ ਘੱਟ ਤੋਂ ਘੱਟ 35 ਪ੍ਰਤੀਸ਼ਤ ਲਾਗਤ ਦਾ ਕੀਤਾ ਹੋਣਾ ਚਾਹੀਦਾ ਹੈ ਅਤੇ ਪਿਛਲੇ ਤਿੰਨ ਸਾਲਾਂ ਵਿਚ ਵਰਤਮਾਨ ਕੁੱਲ ਠੇਕਾ ਕੀਮਤ 150 ਪ੍ਰਤੀਸ਼ਤ ਮੁੱਲ ਦੇ ਬਰਾਬਰ ਰਾਸ਼ੀ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ। ਨੰਬਰ 230/ਬਿਜਲਈ/ਚਲ ਸਟਾਕ/ਲੁਧਿਆਣਾ/ WC/DBR/01 ਮਿਤੀ 18.01.2010 615/10

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ